**<u>ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਐਸ.ਸੀ.ਓ</u>**

<u>ਨੰ: 102-103,ਸੈਕਟਰ 34-ਏ ਚੰਡੀਗੜ੍ਹ। ਫੋਨ ਨੰ:0172-2608746</u>

<u>ਫੈਕਸ ਨੰ:0172-2664533</u>

## ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਾਜ ਸਰਕਾਰ ਵਲੋਂ ਅੰਗਹੀਣ ਵਿਅਕਤੀਆਂ, ਕਰਮਚਾਰੀਆਂ, ਖਿਡਾਰੀਆਂ ਅਤੇ ਸੰਸਥਾਵਾਂ, ਜਿੰਨਾਂ ਵਲੋਂ ਅਪੰਗ ਵਿਅਕਤੀਆਂ ਦੀ ਭਲਾਈ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਜਾਂਦੀਆਂ ਹਨ, ਨੂੰ ਸਟੇਟ ਅਵਾਰਡ ਟੂ ਫਿਜ਼ੀਕਲੀ ਹੈਂਡੀਕੈਪਡ ਨਾਲ ਸਨਮਾਨਿਤ ਕਰਨ ਦੀ ਵਿਵਸਥਾ ਹੈ। ਸਟੇਟ ਅਵਾਰਡ ਟੂ ਫਿਜ਼ੀਕਲੀ ਹੈਂਡੀਕੈਪਡ-2021 ਲਈ ਯੋਗ ਬਿਨੈਕਾਰ ਇਸ ਵਿਭਾਗ ਦੇ ਜਿਲ੍ਹਾ ਪੱਧਰ ਤੇ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਪਾਸੋਂ ਨਿਰਧਾਰਤ ਪ੍ਰੋਫਾਰਮਾਂ ਪ੍ਰਾਪਤ ਕਰ ਸਕਦੇ ਹਨ।ਹਰ ਪੱਖੋਂ ਮੁਕੰਮਲ ਪ੍ਰੋਫਾਰਮਾਂ ਸਬੰਧੀ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦੇ ਦਫਤਰ ਵਿੱਚ ਮਿਤੀ 10-10-2021 **ਤੱਕ** ਦੇ ਸਕਦੇ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ। ਜਿਲ੍ਹਾ ਪੱਧਰ ਤੇ ਪ੍ਰਾਪਤ ਅਰਜੀਆਂ ਨੂੰ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਗਠਨ ਕੀਤੀ ਗਈ ਕਮੇਟੀ ਵਲੋਂ ਕੀਤੀ ਗਈ ਸ਼ਿਫਾਰਸ਼ ਦੇ ਅਧਾਰ ਤੇ ਰਾਜ ਪੱਧਰੀ ਕਮੇਟੀ ਵਲੋਂ ਅਵਾਰਡੀਆਂ ਦੀ ਚੋਣ ਕੀਤੀ ਜਾਵੇਗਾ। ਸਟੇਟ ਅਵਾਰਡ ਟੂ ਫਿਜੀਕਲੀ ਹੈਂਡੀਕੈਪਡ ਸਕੀਮ ਅਧੀਨ ਹੇਠ ਲਿਖੇ 04 ਕਿਸਮਾਂ ਦੇ ਅਵਾਰਡ ਦਿੱਤੇ ਜਾਣ ਦੀ ਵਿਵਸਥਾ ਹੈ:-

1. **Award for Best Employee/ Self Employed with Disabilities**
2. **Award for Best Employers**
3. **Award for Best Individual and Institution Working for the Cause of Persons with Disabilities**
4. **Award for Best sports person with disability**

**ਹਰ ਪੱਖੋ ਮੁਕੰਮਲ ਅਰਜੀ ਫਾਰਮ ਬਿਨੈਕਾਰ ਵਲੋਂ ਖੁਦ ਜਾਂ ਉਸਦੇ ਸਰਪ੍ਰਸਤ ਵੱਲੋਂ ਸਬੰਧਤ ਜਿਲ੍ਹੇ ਦੇ ਜਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਕੋਲ ਜਮ੍ਹਾ ਕਰਵਾਇਆ ਜਾ ਸਕਦਾ ਹੈ।**

ਸਹੀ/- **ਵਧੀਕ ਡਾਇਰੈਕਟਰ (ਸਸ)**

**ਵਾ:** ਡਾਇਰੈਕਟਰ,

ਸਮਾਜਿਕ ਸੁਰੱਖਿਆ ਅਤੇ ਇਸਤਰੀ **ਤੇ**

ਬਾਲ ਵਿਕਾਸ ਵਿਭਾਗ,ਪੰਜਾਬ,ਚੰਡੀਗੜ੍ਹ।